# ਪੰਜਾਬ ਵਿਧਾਨ ਸਭਾ ਸਕੱਤਰੇਤ

## ਸੋਮਵਾਰ, ਮਿਤੀ 02 ਮਾਰਚ, 2020 ਨੂੰ ਹੋਣ ਵਾਲੀ ਪੰਜਾਬ ਵਿਧਾਨ ਸਭਾ ਦੀ ਬੈਠਕ ਵਿਚ ਪੁੱਛੇ ਜਾਣ ਵਾਲੇ ਨਿਸ਼ਾਨ ਵਾਲੇ ਪ੍ਰਸ਼ਨ

### ਪਿੰਡ ਮਿਹਰਵਾਨ ਦੀਆਂ ਸੀਵਰੇਜ਼ ਦੀਆਂ ਲਾਈਨਾਂ ਠੀਕ ਕਰਨਾ

*2717. **ਸਰਦਾਰ ਸ਼ਰਨਜੀਤ ਸਿੰਘ ਢਿੱਲੋਂ ਐਮ.ਐਲ.ਏ.**:- ਕੀ ਜਲ ਸਪਲਾਈ ਅਤੇ ਸੈਨੀਟੇਸ਼ਨ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਜਿਲ੍ਹਾ ਲੁਧਿਆਣਾ ਦੇ ਪਿੰਡ ਮਿਹਰਵਾਨ (ਪੁਲਿਸ ਥਾਣੇ ਦੇ ਸਾਹਮਣੇ) ਵਿੱਚ ਪਬਲਿਕ ਹੈਲਥ ਵਿਭਾਗ ਵੱਲੋਂ ਪਾਏ ਗਏ ਸੀਵਰੇਜ਼ ਦੀਆਂ ਮੇਨ ਲਾਈਨਾਂ ਪਿਛਲੇ ਛੇ ਮਹੀਨਿਆਂ ਤੋਂ ਲੀਕ ਹੋਣ ਕਾਰਨ ਸੀਵਰੇਜ਼ ਦਾ ਗੰਦਾ ਪਾਣੀ ਬਾਹਰ ਸੜਕ ਤੇ ਨਿਕਲ ਰਿਹਾ ਹੈ; ਜੇਕਰ ਅਜਿਹਾ ਹੋਵੇ ਤਾਂ ਸਬੰਧਤ ਵਿਭਾਗ ਵੱਲੋਂ ਹੁਣ ਤੱਕ ਕੀ ਕਾਰਵਾਈ ਕੀਤੀ ਗਈ ਹੈ ਤੇ ਸੀਵਰੇਜ਼ ਦੀਆਂ ਪਾਇਪਾਂ ਦੀ ਲੀਕੇਜ਼ ਨੂੰ ਕਦੋਂ ਤੱਕ ਠੀਕ ਕਰ ਦਿੱਤਾ ਜਾਵੇਗਾ?

### ਦੋਰਾਹਾ (ਪਾਇਲ) ਵਿਚ ਸੀਵਰੇਜ਼ ਦੀ ਮੁਸ਼ਕਿਲ ਨੂੰ ਹਲ ਕਰਨਾ

*2493. **ਸਰਦਾਰ ਲਖਵੀਰ ਸਿੰਘ, ਐਮ.ਐਲ.ਏ.**:- ਕੀ ਮਕਾਨ ਉਸਾਰੀ ਅਤੇ ਸ਼ਹਿਰੀ ਵਿਕਾਸ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਦੋਰਾਹਾ (ਪਾਇਲ) ਵਿੱਚ ਸੀਵਰੇਜ਼ ਦੀ ਲਗਾਤਾਰ ਚਲ ਰਹੀ ਮੁਸ਼ਕਿਲ ਨੂੰ ਹੱਲ ਕਰਨ ਲਈ ਸਰਕਾਰ ਨੇ ਕਿਹੜੇ ਕਦਮ ਚੁੱਕੇ ਹਨ/ਚੁੱਕੇ ਜਾਣੇ ਪ੍ਰਸਤਾਵਿਤ ਹਨ?

### ਪੁਰਾਣੀ ਜੇਲ੍ਹ ਨੂੰ ਸ਼ਹਿਰੋਂ ਬਾਹਰ ਤਬਦੀਲ ਕਰਨਾ

*2795. **ਸ਼੍ਰੀ ਹਰਜੋਤ ਕਮਲ ਸਿੰਘ, ਐਮ.ਐਲ.ਏ.**: - ਕੀ ਜੇਲ੍ਹ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਸਰਕਾਰ ਪੁਰਾਣੀ ਜੇਲ੍ਹ ਨੂੰ ਮੋਗਾ ਸ਼ਹਿਰ ਦੀ ਵਸੋਂ ਵਾਲੇ ਖੇਤਰ ਤੋਂ ਸ਼ਹਿਰੋਂ ਬਾਹਰ ਤਬਦੀਲ ਕਰਨ ਬਾਰੇ ਵਿਚਾਰ ਕਰੇਗੀ; ਜੇਕਰ ਅਜਿਹਾ ਹੋਵੇ ਤਾਂ ਇਸ ਦੇ ਵੇਰਵੇ ਕੀ ਹਨ?

### ਪਠਾਨਕੋਟ ਦੇ ਵਸਨੀਕਾਂ ਨੂੰ ਡੋਗਰਾ ਸਰਟੀਫਿਕੇਟ ਜਾਰੀ ਕਰਨਾ

*2799. **ਸ਼੍ਰੀ ਜੋਗਿੰਦਰ ਪਾਲ, ਐਮ.ਐਲ.ਏ.**: - ਕੀ ਮਾਲ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਪੰਜਾਬ ਸਰਕਾਰ ਜੰਮੂ-ਕਸ਼ਮੀਰ ਅਤੇ ਹਿਮਾਚਲ ਸਰਕਾਰ ਦੀ ਤਰ੍ਹਾਂ ਇਹਨਾਂ ਰਾਜਾਂ ਨਾਲ ਲੱਗਦੇ ਜਿਲ੍ਹਾ ਪਠਾਨਕੋਟ ਦੇ ਸਾਰੇ ਵਸਨੀਕਾਂ ਨੂੰ ਡੋਗਰਾ ਸਰਟੀਫਿਕੇਟ ਜਾਰੀ ਕਰਨ ਦਾ ਵਿਚਾਰ ਰੱਖਦੀ ਹੈ; ਜੇਕਰ ਹਾਂ ਤਾਂ ਕਦੋਂ ਤੱਕ?

### ਬਾਘਾ ਪੁਰਾਣਾ ਪੀ.ਐਚ.ਸੀ. ਅਤੇ ਠੱਠੀ ਭਾਈ ਸਿਵਲ ਹਸਪਤਾਲ ਵਿਖੇ ਡਾਕਟਰਾਂ ਅਤੇ ਪੈਰਾਮੈਡੀਕਲ ਸਟਾਫ ਦੀਆਂ ਅਸਾਮੀਆਂ

*2722. **ਸਰਦਾਰ ਦਰਸ਼ਨ ਸਿੰਘ ਬਰਾੜ, ਐਮ.ਐਲ.ਏ.**:- ਕੀ ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:-

ੳ) ਬਾਘਾਪੁਰਾਣਾ-ਪੀ.ਐਚ.ਸੀ ਅਤੇ ਠੱਠੀ ਭਾਈ ਸਿਵਲ ਹਸਪਤਾਲ ਲਈ ਸ਼੍ਰੇਣੀਵਾਰ ਮਨਜ਼ੂਰਸ਼ੁਦਾ ਅਤੇ ਖਾਲੀ ਪਈਆਂ ਡਾਕਟਰਾਂ ਅਤੇ ਹੋਰ ਪੈਰਾਮੈਡੀਕਲ ਸਟਾਫ ਦੀ ਵੱਖ-ਵੱਖ ਕੁੱਲ ਗਿਣਤੀ ਕਿੰਨੀ ਹੈ;

ਅ) ਸਰਕਾਰ ਦੁਆਰਾ ਉਪਰੋਕਤ ਵਰਣਿਤ ਅਸਾਮੀਆਂ ਨੂੰ ਭਰਨ ਲਈ ਚੁੱਕੇ ਗਏ/ਚੁੱਕੇ ਜਾਣ ਵਾਲੇ ਕਦਮ ਕੀ ਹਨ ਅਤੇ ਇਸ ਉਪਰ ਕਿੰਨਾਂ ਸਮਾਂ ਲੱਗਣ ਦੀ ਸੰਭਾਵਨਾ ਹੈ?

### ਰੂਪਨਗਰ ਵਿਚ ਨਵੇਂ ਉਦਯੋਗ ਸਥਾਪਿਤ ਕਰਨਾ

*2780. **ਸਰਦਾਰ ਅਮਰਜੀਤ ਸਿੰਘ ਸੰਦੋਆ, ਐਮ.ਐਲ.ਏ.**:- ਕੀ ਉਦਯੋਗ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਜ਼ਿਲ੍ਹਾ ਰੂਪਨਗਰ ਵਿੱਚ ਨਵੇਂ ਉਦਯੋਗ ਸਥਾਪਿਤ ਕਰਨ ਦੀ ਕੋਈ ਯੋਜਨਾ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਹੈ ਤਾਂ ਉਨ੍ਹਾਂ ਦੇ ਵੇਰਵੇ ਕੀ ਹਨ?

### ਕਿਸਾਨਾਂ ਦੀ ਫਸਲ ਦੇ ਹੋਏ ਨੁਕਸਾਨ ਦੀ ਭਰਪਾਈ ਕਰਨਾ

*2453. **ਸਰਦਾਰ ਹਰਿੰਦਰਪਾਲ ਸਿੰਘ ਚੰਦੂਮਾਜਰਾ, ਐਮ.ਐਲ.ਏ.**: - ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਰਾਜ ਦੇ ਜਿਹੜੇ ਕਿਸਾਨਾਂ ਦੀ ਪਰਾਲੀ ਖੇਤ ਵਿੱਚ ਵਹਾਉਣ ਕਾਰਨ ਖੇਤ ਵਿੱਚ ਪੈਦਾ ਹੋਈ ਸੁੰਡੀ ਨੇ ਅਗਲੀ ਫ਼ਸਲ ਦਾ ਨੁਕਸਾਨ ਕਰ ਦਿੱਤਾ ਹੈ, ਕੀ ਉਹਨਾ ਕਿਸਾਨਾਂ ਦੀ ਫਸਲ ਦੇ ਹੋਏ ਨੁਕਸਾਨ ਦੀ ਭਰਪਾਈ ਕਰਨ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਹੈ ਤਾਂ ਕਦੋਂ ਤੱਕ?

### ਬਟਾਲਾ ਵਿਖੇ ਅਮਰੁਤ ਸਿਟੀ ਪ੍ਰੋਜੈਕਟ ਦੇ ਕੀਤੇ ਕੰਮ-ਕਾਰ ਦੀ ਸਥਿਤੀ

*2580. **ਸਰਦਾਰ ਲਖਬੀਰ ਸਿੰਘ ਲੋਧੀਨੰਗਲ, ਐਮ.ਐਲ.ਏ.**:- ਕੀ ਸਥਾਨਕ ਸਰਕਾਰ ਮੰਤਰੀ ਕਿਰਪਾ ਕਰਕੇ ਦਸੱਣਗੇ ਕਿ ਬਟਾਲਾ ਸ਼ਹਿਰ (ਜ਼ਿਲ੍ਹਾ ਗੁਰਦਾਸਪੁਰ) ਵਿੱਚ ਪਿਛਲੇ ਤਿੰਨ ਸਾਲਾਂ ਦੌਰਾਨ ਅਮਰੁਤ ਸਿਟੀ ਪ੍ਰੋਜੈਕਟ ਤਹਿਤ ਵਿਕਾਸ ਦੇ ਕਿਹੜੇ-2 ਕੰਮ ਕੀਤੇ ਗਏ ਹਨ ਅਤੇ ਇਸ ਪ੍ਰੋਜੈਕਟ ਦੀ ਅਜੋਕੀ ਸਥਿਤੀ ਕੀ ਹੈ?

### ਖੇਡ ਸਟੇਡੀਅਮ ਬਣਾਉਣਾ

*2789. **ਸਰਦਾਰ ਗੁਰਪ੍ਰੀਤ ਸਿੰਘ, ਐਮ.ਐਲ.ਏ.**: - ਕੀ ਖੇਡ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਖਮਾਣੋਂ ਅਤੇ ਬੱਸੀ ਪਠਾਣਾਂ ਸ਼ਹਿਰਾਂ (ਫਤਿਹਗੜ੍ਹ ਸਾਹਿਬ) ਵਿੱਚ ਖੇਡ ਸਟੇਡੀਅਮ ਬਣਾਉਣ ਦੀ ਕੋਈ ਯੋਜਨਾ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਹੈ ਤਾਂ ਇਸ ਦੇ ਵੇਰਵੇ ਕੀ ਹਨ?

### ਜੈਤੋਂ ਵਿਖੇ ਸ਼ਹੀਦੀ ਯਾਦਗਾਰ ਬਣਾਉਣ ਲਈ ਰਾਸ਼ੀ ਦੇਣਾ

*2594. **ਮਾਸਟਰ ਬਲਦੇਵ ਸਿੰਘ, ਐਮ.ਐਲ.ਏ.**:- ਕੀ ਸਭਿਆਚਾਰਕ ਮਾਮਲੇ ਮੰਤਰੀ ਕਿਰਪਾ ਕਰਕੇ ਦਸੱਣਗੇ ਕਿ ਕੀ ਇਹ ਠੀਕ ਹੈ ਕਿ ਸਾਲ 2018 ਦੇ ਸੈਸ਼ਨ ਦੌਰਾਨ ਜੈਤੋਂ ਵਿਖੇ ਸ਼ਹੀਦੀ ਯਾਦਗਾਰ ਬਣਾਉਣ ਲਈ 48 ਕਰੋੜ ਦੀ ਰਾਸ਼ੀ ਦੇਣ ਲਈ ਕਿਹਾ ਗਿਆ ਸੀ; ਜੇਕਰ ਅਜਿਹਾ ਹੋਵੇ ਤਾਂ ਸਾਰੀ ਰਾਸ਼ੀ ਕਦੋਂ ਤੱਕ ਦੇ ਦਿੱਤੀ ਜਾਵੇਗੀ?

### ਹਲਕਾ ਮਹਿਲ ਕਲਾਂ ਦੀਆਂ ਟੁੱਟੀਆਂ ਹੋਈਆਂ ਨਹਿਰਾਂ ਦੀ ਮੁਰੰਮਤ ਕਰਵਾਉਣਾ

*2562. **ਸਰਦਾਰ ਕੁਲਵੰਤ ਸਿੰਘ ਪੰਡੋਰੀ ਐਮ.ਐਲ.ਏ.**: - ਕੀ ਜਲ ਸਰੋਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਸੰਗਰੂਰ ਜਿਲ੍ਹੇ ਦੇ ਬਹੁਤ ਸਾਰੇ ਹਲਕੇ ਡਾਰਕ ਜ਼ੋਨ ਐਲਾਨੇ ਗਏ ਹਨ ਜਿਨ੍ਹਾਂ ਵਿੱਚੋਂ ਮਹਿਲ ਕਲਾਂ ਵੀ ਇੱਕ ਹੈ ਜਿਸਦੇ ਸਿੱਟੇ ਵਜੋਂ ਇਸ ਖੇਤਰ ਵਿੱਚ ਬੋਰ ਕਰਨ ਦੀ ਵੀ ਪਾਬੰਦੀ ਹੈ; ਜੇਕਰ ਅਜਿਹਾ ਹੋਵੇ ਤਾਂ ਕਿਸਾਨਾਂ ਨੂੰ ਨਹਿਰੀ ਪਾਣੀ ਦੀ ਵਰਤੋਂ ਮੁਹੱਈਆ ਕਰਵਾਉਣ ਲਈ ਹਲਕੇ ਦੀਆਂ ਟੁੱਟੀਆਂ ਹੋਈਆਂ ਨਹਿਰਾਂ ਦੀ ਮੁਰੰਮਤ ਕਦੋਂ ਤੱਕ ਕਰਵਾਉਣ ਦੀ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ?

ਪਰਤੋਂ ਜੀ....

**ਸਾਲ 2018-19 ਵਿਚ ਕੁੱਲ ਦੁੱਧ ਦੀ ਪੈਦਾਵਾਰ ਅਤੇ ਵਿਕਰੀ**

*2442. **ਸ਼੍ਰੀ ਅਵਤਾਰ ਸਿੰਘ ਜੂਨੀਅਰ, ਐਮ.ਐਲ.ਏ.:** - ਕੀ ਸਹਿਕਾਰਤਾ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:-

ੳ) ਰਾਜ ਵਿੱਚ ਸਾਲ 2018-2019 ਵਿੱਚ ਕੁੱਲ ਦੁੱਧ ਦੀ ਪੈਦਾਵਾਰ/ਪ੍ਰੋਸੈਸਿੰਗ (ਲੀਟਰਾਂ ਵਿੱਚ) ਕਿੰਨੀ ਹੈ;

ਅ) ਉਪਰੋਕਤ ਦੁੱਧ ਦੀ ਵਿਕਰੀ ਅਤੇ ਪੈਕਿੰਗ ਲਈ ਵਰਤੇ ਗਏ ਪਲਾਸਟਿਕ ਦੇ ਲਿਫਾਫਿਆਂ ਦੀ ਕੁੱਲ ਗਿਣਤੀ ਕਿੰਨੀ ਹੈ?

**ਹਲਕਾ ਦਾਖਾ ਵਿਚ ਪੈਂਦੇ ਕਸਬਾ ਮੁੱਲਾਂਪੁਰ ਨੂੰ ਸਬ-ਡਵੀਜ਼ਨ (ਸਿਵਲ) ਦਾ ਦਰਜਾ ਦੇਣਾ**

*2674. **ਸਰਦਾਰ ਮਨਪ੍ਰੀਤ ਸਿੰਘ ਇਯਾਲੀ, ਐਮ.ਐਲ.ਏ.:**- ਕੀ ਮਾਲ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਵਿਧਾਨ ਸਭਾ ਹਲਕਾ ਦਾਖਾ ਵਿਚ ਪੈਂਦੇ ਕਸਬਾ ਮੁੱਲਾਂਪੁਰ ਨੂੰ ਸਬ-ਡਵੀਜਨ (ਸਿਵਲ) ਦਾ ਦਰਜਾ ਦੇਣ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ?

**ਸਿਵਲ ਹਸਪਤਾਲ, ਫਤਿਹਾਬਾਦ ਵਿਖੇ ਖਾਲੀ ਅਸਾਮੀਆਂ**

*2741. **ਸਰਦਾਰ ਰਮਨਜੀਤ ਸਿੰਘ ਸਿੱਕੀ, ਐਮ.ਐਲ.ਏ.:** - ਕੀ ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:-

ੳ) ਸਿਵਲ ਹਸਪਤਾਲ ਫਤਿਹਾਬਾਦ (ਖਡੂਰ ਸਾਹਿਬ) ਵਿੱਚ ਡਾਕਟਰਾਂ ਦੀਆਂ ਮਨਜ਼ੂਰਸ਼ੁਦਾ ਆਸਾਮੀਆਂ ਅਤੇ ਖਾਲੀ ਪਈਆਂ ਆਸਾਮੀਆਂ ਦੀ ਗਿਣਤੀ ਕਿੰਨੀ ਹੈ ਅਤੇ ਇਨ੍ਹਾਂ ਆਸਾਮੀਆਂ ਨੂੰ ਭਰਨ ਲਈ ਸਰਕਾਰ ਦੁਆਰਾ ਚੁੱਕੇ ਜਾਣ ਵਾਲੇ ਕਦਮਾਂ ਦੇ ਵੇਰਵੇ ਕੀ ਹਨ;

ਅ) ਕੀ ਇਹ ਵੀ ਠੀਕ ਹੈ ਕਿ ਇਮਾਰਤ ਨੀਵੀਂ ਹੋਣ ਕਾਰਨ ਬਾਰਿਸ਼ ਦਾ ਪਾਣੀ ਇਸ ਹਸਪਤਾਲ ਦੀ ਇਮਾਰਤ ਵਿੱਚ ਇੱਕਠਾ ਹੋ ਜਾਂਦਾ ਹੈ; ਜੇਕਰ ਹਾਂ ਤਾਂ ਇਸ ਸਬੰਧ ਵਿਚ ਸਰਕਾਰ ਦੁਆਰਾ ਚੁੱਕੇ ਜਾਣ ਵਾਲੇ ਕਦਮ ਕਿਹੜੇ ਹਨ ਅਤੇ ਇਸ ਦਾ ਹੱਲ ਕਦੋਂ ਤੱਕ ਕੀਤੇ ਜਾਣ ਦੀ ਸੰਭਾਵਨਾ ਹੈ?

**ਮੋਗਾ ਵਿਖੇ ਉਦਯੋਗ ਸਥਾਪਿਤ ਕਰਨਾ**

*2796. **ਸ਼੍ਰੀ ਹਰਜੋਤ ਕਮਲ ਸਿੰਘ, ਐਮ.ਐਲ.ਏ.:** - ਕੀ ਉਦਯੋਗ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਸਰਕਾਰ ਮੋਗਾ ਵਿਖੇ ਖੇਤੀਬਾੜੀ ਸਮੱਗਰੀ ਤੇ ਅਧਾਰਿਤ ਕੁਝ ਵੱਡੇ ਉਦਯੋਗ ਸਥਾਪਿਤ ਕਰਨ ਲਈ ਕਦਮ ਚੁੱਕੇਗੀ; ਜੇਕਰ ਅਜਿਹਾ ਹੋਵੇ ਤਾਂ ਇਸ ਦੇ ਵੇਰਵੇ ਕੀ ਹਨ?

**ਖਮਾਣੋ ਵਿਖੇ ਸੀਵਰੇਜ਼ ਲਾਈਨਾਂ ਵਿਛਾਉਣ ਦੀ ਯੋਜਨਾ**

*2791. **ਸਰਦਾਰ ਗੁਰਪ੍ਰੀਤ ਸਿੰਘ, ਐਮ.ਐਲ.ਏ.:** - ਕੀ ਸਥਾਨਕ ਸਰਕਾਰ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਸਰਕਾਰ ਦੀ ਖੁਮਾਣੋਂ (ਬਸੀ ਪਠਾਣਾਂ) ਵਿਖੇ ਪਹਿਲਤਾ ਦੇ ਆਧਾਰ ਤੇ ਸੀਵਰੇਜ਼ ਲਾਈਨਾਂ ਵਿਛਾਉਣ ਦੀ ਕੋਈ ਯੋਜਨਾ ਹੈ; ਜੇਕਰ ਅਜਿਹਾ ਹੋਵੇ ਤਾਂ ਇਸ ਦੇ ਵੇਰਵੇ ਕੀ ਹਨ?

**ਹਲਕਾ ਸ਼ੁਤਰਾਣਾ ਵਿਚ ਘੱਗਰ ਪਾਰ ਦੇ ਪਿੰਡਾਂ ਲਈ ਸਿੰਚਾਈ ਅਤੇ ਪੀਣ ਵਾਲੇ ਪਾਣੀ ਦਾ ਪ੍ਰਬੰਧ**

*2685. **ਸਰਦਾਰ ਨਿਰਮਲ ਸਿੰਘ, ਐਮ.ਐਲ.ਏ.:** - ਕੀ ਜਲ ਸਰੋਤ ਮੰਤਰੀ ਕਿਰਪਾ ਕਰਕੇ ਦਸੱਣਗੇ ਕਿ ਕੀ ਹਲਕਾ ਸ਼ੁਤਰਾਣਾ ਵਿੱਚ ਘੱਗਰ ਪਾਰ ਦੇ ਪਿੰਡਾਂ ਨੂੰ ਸਿੰਚਾਈ ਅਤੇ ਪੀਣ ਵਾਲੇ ਪਾਣੀ ਦਾ ਪ੍ਰਬੰਧ ਕਰਨ ਵਾਸਤੇ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਅਜਿਹਾ ਹੋਵੇ ਤਾਂ ਇਸ ਨੂੰ ਕਦੋਂ ਤੱਕ ਲਾਗੂ ਕਰ ਦਿੱਤਾ ਜਾਵੇਗਾ?

**ਅਮਲੋਹ ਦੇ ਤਹਿਸੀਲ ਦਫਤਰ ਨੂੰ ਸ਼ਿਫਟ ਕਰਨ ਦੇ ਪ੍ਰੋਜੈਕਟ ਦੀ ਮੌਜੂਦਾ ਸਥਿਤੀ**

*2752. **ਸਰਦਾਰ ਰਣਦੀਪ ਸਿੰਘ, ਐਮ.ਐਲ.ਏ.:** - ਕੀ ਮਾਲ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:-

ੳ) ਕੀ ਅਮਲੋਹ ਵਿਖੇ ਸਥਿਤ ਤਹਿਸੀਲ ਦਫਤਰ ਨੂੰ ਮੌਜੂਦਾ ਥਾਂ ਤੋਂ ਬਸ ਸਟੈਂਡ ਦੇ ਪਿੱਛੇ ਸ਼ਿਫਟ ਕਰਨ ਬਾਰੇ ਸਰਕਾਰ ਦੀ ਕੋਈ ਯੋਜਨਾ ਹੈ; ਜੇਕਰ ਅਜਿਹਾ ਹੋਵੇ ਤਾਂ ਸਰਕਾਰ ਦੁਆਰਾ ਇਸ ਸਬੰਧ ਵਿਚ ਕੀ ਕਾਰਵਾਈ ਕੀਤੀ ਗਈ ਹੈ;

ਅ) ਪ੍ਰਜੈਕਟ ਦੀ ਤਾਜ਼ਾ ਸਥਿਤੀ ਕੀ ਹੈ ਅਤੇ ਇਸ ਸਬੰਧ ਵਿਚ ਜ਼ਮੀਨ ਦੀ ਬਦਲੀ ਅਤੇ ਫੰਡਾਂ ਦੀ ਵੰਡ ਲਈ ਸਰਕਾਰ ਦੁਆਚਾ ਕੀ ਕਦਮ ਚੁੱਕੇ ਗਏ ਹਨ?

**ਪੀ.ਐਚ.ਸੀ. ਧਰਮਕੋਟ ਅਤੇ ਸਿਵਲ ਹਸਪਤਾਲ ਕੋਟ ਈਸੇ ਖਾਂ ਦੀਆਂ ਮੰਨਜੂਰਸ਼ੁਦਾ ਅਸਾਮੀਆਂ**

*2767. **ਸਰਦਾਰ ਸੁਖਜੀਤ ਸਿੰਘ, ਐਮ.ਐਲ.ਏ.:** - ਕੀ ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:-

ੳ) ਪੀ.ਐਚ.ਸੀ. ਧਰਮਕੋਟ ਅਤੇ ਸਿਵਲ ਹਸਪਤਾਲ ਕੋਟ ਈਸੇ ਖਾਂ (ਮੋਗਾ) ਲਈ ਡਾਕਟਰਾਂ ਦੀਆਂ ਮੰਜ਼ੂਰਸ਼ੁਦਾ ਅਸਾਮੀਆਂ ਦੀ ਵੱਖੋ-ਵੱਖ ਕੁੱਲ ਗਿਣਤੀ ਕਿੰਨੀ ਹੈ, ਇਸ ਸਮੇਂ ਖਾਲੀ ਪਈਆਂ ਅਸਾਮੀਆਂ ਦੀ ਗਿਣਤੀ ਕੀ ਹੈ ਅਤੇ ਇਸ ਦੇ ਕਾਰਨ ਕੀ ਹਨ;

ਅ) ਸਰਕਾਰ ਦੁਆਰਾ ਇਨ੍ਹਾਂ ਅਸਾਮੀਆਂ ਨੂੰ ਭਰਨ ਲਈ ਕੀ ਕਦਮ ਚੁੱਕੇ ਜਾਣੇ ਹਨ ਅਤੇ ਇਹਨਾਂ ਨੂੰ ਕਦੋਂ ਤੱਕ ਭਰਨ ਦੀ ਸੰਭਾਵਨਾ ਹੈ?

**ਸਬ-ਡਵੀਜਨ ਬੁਢਲਾਡਾ ਦੇ ਪਿੰਡਾਂ ਦੇ ਸਿੰਜਾਈ ਦੇ ਖਾਲ ਪੱਕੇ ਕਰਨਾ**

*2802. **ਸ਼੍ਰੀ ਬੁੱਧ ਰਾਮ, ਐਮ.ਐਲ.ਏ.:**- ਕੀ ਜਲ ਸਰੋਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:-

ੳ) ਕੀ ਸਬ-ਡਵੀਜਨ ਬੁਢਲਾਡਾ ਦੇ ਪਿੰਡਾਂ ਸਤੀਕੇ, ਕੁਲਰੀਆਂ, ਉੜਤ ਸੈਦੇਵਾਲਾ ਅਤੇ ਬਰੇਟਾ ਪਿੰਡ ਰੰਗੜਿਆਲ ਨੇ 2016 ਵਿਚ ਪੱਕੇ ਖਾਲ (ਸਿੰਜਾਈ ਲਈ) ਬਣਾਉਣ ਲਈ ਬਣਦਾ ਲੋੜੀਂਦਾ 10% ਹਿੱਸਾ ਬੈਂਕ ਰਾਹੀਂ ਸਬੰਧਿਤ ਮਹਿਕਮੇ ਨੂੰ ਜਮਾਂ ਕਰਵਾ ਦਿੱਤਾ ਹੈ;

ਅ) ਜੇਕਰ ਇਹ ਜਮਾਂ ਕਰਵਾ ਦਿੱਤਾ ਹੈ ਤਾਂ ਸਰਕਾਰ ਕਦੋਂ ਤੱਕ ਇਹਨਾਂ ਪਿੰਡਾਂ ਦੇ ਸਿੰਜਾਈ ਖਾਲ ਪੱਕੇ ਕਰਨ ਲਈ ਆਪਣਾ ਬਣਦਾ 90% ਹਿੱਸਾ ਪਾ ਕੇ ਖਾਲ ਪੱਕੇ ਕਰਨ ਲਈ ਟੈਂਡਰ ਲਗਾਏਗੀ?

ਚੰਡੀਗੜ੍ਹ
ਮਿਤੀ 27 ਫਰਵਰੀ, 2020

ਸ਼ਸ਼ੀ ਲਖਨਪਾਲ ਮਿਸ਼ਰਾ,
ਸਕੱਤਰ,
ਪੰਜਾਬ ਵਿਧਾਨ ਸਭਾ।

ਸੁਪਰਡੈਂਟ
ਪੰਜਾਬ ਵਿਧਾਨ ਸਭਾ
ਚੰਡੀਗੜ੍ਹ